# ਵਿਦਿਆਰਥੀਆਂ ਦਾ ਦੁਰਘਟਨਾ ਵੇਲੇ ਬੀਮਾ

**(Student Accident Insurance)**

> ਕੀ ਤੁਸੀਂ ਜਾਣਦੇ ਹੋ............
> ਜਦੋਂ ਸਕੂਲ ਦੇ ਖੇਡਾਂ ਦੇ ਮੈਦਾਨ ਵਿੱਚ ਜਾਂ ਕਿਸੇ ਹੋਰ ਸਕੂਲ ਦੇ ਅੰਦਰ ਕਾਰਵਾਈ ਵਿੱਚ ਤੁਹਾਡੇ ਬੱਚੇ ਦੇ ਸੱਟ ਫੇਰ ਲੱਗ ਜਾਂਦੀ ਹੈ ਤਾਂ ਇਸ ਸੱਟ ਫੇਟ ਦਾ ਖਰਚੇ ਦੀ ਜਿੰਮੇਵਾਰੀ ਸਕੂਲ ਦੀ ਨਹੀਂ ਸਗੋਂ ਮਾਪਿਆਂ ਦੀ ਹੁੰਦੀ ਹੈ।

ਸਰ੍ਹੀ ਸਕੂਲ ਡਿਸਟਰਿਕਟ ਅਤੇ ਡਿਸਟਰਿਕਟ ਦੀ ਮਾਪਿਆਂ ਦੀ ਸਲਾਹਕਾਰ ਕਾਊਂਸਲ ਪਰੀਵਾਰਾਂ ਲਈ, ਜੇ ਓਹ ਆਪਣੀ ਖੁਸ਼ੀ ਲਈ ਚਾਹੁਣ, ਤਾਂ ਇੱਕ ਆਈ. ਏ. ਪੀ. ਕੰਪਨੀ ਰਾਹੀਂ ਬੱਚਿਆਂ ਦਾ ਬੀਮਾ ਕਰਵਾਓਣ ਦਾ ਮੌਕਾ ਦਿੰਦੀ ਹੈ। ਇਸ ਸਕੀਮ ਨੂੰ ਆਈ.ਏ.ਪੀ. ਕਿਡਜ਼ ਪਲੱਸ ਦੀ ਸਕੀਮ ਨਾਲ ਜਾਣਿਆ ਜਾਂਦਾ ਹੈ। ਇਸ ਕੰਪਨੀ ਦਾ ਬੀਮਾ ਓਨ੍ਹਾਂ ਮਹਿੰਗੇ ਖਰਚਾਂ ਤੋਂ ਮਦਦ ਕਰਦਾ ਹੈ ਜੋ ਕਿ ਅਚਾਨਕ ਦੁਰਘਟਨਾਂ ਹੋ ਜਾਣ ਨਾਲ ਸਾਹਮਣੇ ਆ ਜਾਣ, ਖਾਸ ਕਰ ਓਹਨ੍ਹਾਂ ਪ੍ਰੀਵਾਰਾਂ ਲਈ ਜਿਹਨਾਂ ਕੋਲ:

- ਮੈਡੀਕਲ ਜਾਂ ਦੰਦਾਂ ਦਾ ਕੋਈ ਬੀਮਾ ਜਾਂ ਸਕੀਮ ਨਹੀਂ
- ਜਾਂ ਜਿਹਨਾਂ ਕੋਲ ਮੈਡੀਕਲ ਜਾਂ ਦੰਦਾਂ ਦੀਆਂ ਸਕੀਮਾਂ ਸੀਮਤ ਹੀ ਹਨ
- ਜਾਂ ਜਿਹਨਾਂ ਦੇ ਬੱਚੇ ਕਈ ਨੱਠਣ ਜਾਂ ਕੁੱਦਣ ਵਾਲੀਆਂ ਖੇਡਾਂ ਵਿੱਚ ਸ਼ਾਮਿਲ ਹਨ

ਦੁਰਘਟਨਾਂ ਹੁੰਦੀਆਂ ਹਨ ਅਤੇ ਹੋ ਵੀ ਸਕਦੀਆਂ ਹਨ:
ਇਸ ਸਕੀਮ ਰਾਹੀਂ ਕਈ ਤਰਾਂ ਦੇ ਬੀਮੇ ਹਨ ਜੋ ਹਰ ਪ੍ਰੀਵਾਰ ਦੀ ਹਿੰਮਤ ਅਨੁਸਾਰ ਰੱਖੇ ਗਏ ਹਨ। ਇਸ ਰਾਹੀਂ :

- ਤੁਸੀਂ 24 ਘੰਟੇ ਦਾ, ਸਤੰਬਰ ਤੋਂ ਸਤਬੰਰ ਤੱਕ, ਬੱਚੇ ਦਾ ਲਈ ਬੀਮਾ ਕਰਵਾ ਸਕਦੇ ਹੋ
- ਕਈ ਤਰਾਂ ਦੇ ਹੋਰ ਖਰਚ, ਜਿਵੇਂ ਐਂਬੂਲੈਂਸ, ਫਿਜ਼ੀਓਥੈਰਪੀ,ਟਿਓਟਰਿੰਗ, ਵੀ ਹੁੰਦੇ ਹਨ
- ਸੱਟ ਲਗੱਣ ਤੋਂ ਜੋ ਦੰਦਾ ਦਾ ਖਰਚ ਹੋਵੇ
- ਸੂਬੇ ਤੋਂ ਬਾਹਰ ਜਾਂ ਦੇਸ਼ ਤੋਂ ਬਾਹਰ ਦੁਰਘਟਨਾ ਦਾ ਖਰਚ ਵੀ ਸ਼ਾਮਿਲ ਹਨ

ਅਗਰ ਤੁਸੀਂ ਸਕੂਲ ਬਦਲ ਲੈਂਦੇ ਹੋ ਤਾਂ ਇਹ ਆਈ.ਏ.ਪੀ. ਕਿਡਜ਼ ਪਲੱਸ ਦੀ ਸਕੀਮ ਨਵੇਂ ਸਕੂਲ ਵਿੱਚ ਲਾਗੂ ਹੁੰਦੀ ਹੈ । ਇਸ ਬੀਮੇ ਦੀ ਸਾਲਾਨਾ ਲਾਗਤ ਸਾਢੇ ਤੇਰਾਂ ਤੋਂ ਇੱਕਤੀ ਡਾਲਰ ਅਤੇ ਪਚਾਨਵੇਂ ਸੈਂਟਾਂ ਤੱਕ ਦੀ ਹੁੰਦੀ ਹੈ। ਇਸ ਸਕੀਮ ਰਾਹੀਂ ਬੱਚਾ ਸਕੂਲ ਵੀ ਅਤੇ ਸਕੂਲ ਤੋਂ ਬਾਅਦ ਵੀ ਸੱਟ ਫੇਟਾਂ ਦੇ ਖਰਚ ਤੋਂ ਰਹਿਤ ਹੋ ਸਕਦਾ ਹੈ। ਅਗਰ ਇੱਕ ਪ੍ਰੀਵਾਰ ਵਿੱਚ 3 ਜਾਂ ਜ਼ਿਆਦਾ ਬੱਚੇ ਹੋਣ ਤਾ ਲਾਗਤ ਹੋਰ ਵੀ ਘੱਟ ਜਾਂਦੀ ਹੈ।

ਇਸ ਸਕੀਮ ਦਾ ਅਸ਼ਟਾਮ ਤੁਹਾਡੇ ਅਤੇ ਆਈ.ਏ.ਪੀ. ਬੀਮਾ ਕੰਪਨੀ ਦੇ ਵਿਚਕਾਰ ਹੁੰਦਾ ਹੈ ਅਤੇ ਇਸ ਸਕੀਮ ਦੌਰਾਨ ਜਿਸ ਦਿਨ ਤੁਹਾਡੀ ਅਰਜ਼ੀ ਭਰੀ ਜਾਵੇ ਅਤੇ ਸਕੀਮ ਦੀ ਫੀਸ ਦੇ ਦਿੱਤੀ ਜਾਵੇ, ਓਸ ਦਿਨ ਤੋਂ ਹੀ ਸਕੀਮ ਲਾਗੂ ਹੋ ਜਾਂਦੀ ਹੈ।

> ਹੋਰ ਜਾਣਕਾਰੀ ਇਸ ਪਤੇ ਓਪਰ ਤੋਂ ਲੈ ਸਕਦੇ ਹੋ: **www.kidsplus.ca**
>
> ਜਾਂ ਇਸ ਨੰਬਰ ਤੋਂ ਵੀ ਲੈ ਸਕਦੇ ਹੋ: 1-800-556-7411